# ਮਰੀਜ਼ ਲਈ ਜਾਣਕਾਰੀ

National Antibiotic Allergy Network

# ਪੈਨਸਲੀਨ ਦੀਆਂ ਘੱਟ ਜ਼ੋਖਮ ਵਾਲੀਆਂ ਐਲਰਜੀਆਂ

ਇਹ ਦਸਤਾਵੇਜ਼ ਤੁਹਾਡੇ ਸੰਬੰਧਿਤ ਸਿਹਤ-ਸੰਭਾਲ ਪੇਸ਼ੇਵਰ ਦੀ ਸਲਾਹ ਨੂੰ ਨਹੀਂ ਬਦਲਦਾ ਹੈ।

ਬਹੁਤ ਸਾਰੇ ਲੋਕ ਐਂਟੀਬਾਇਓਟਿਕਾਂ, ਖ਼ਾਸ ਕਰਕੇ ਪੈਨਸਲੀਨ ਪ੍ਰਤੀ ਐਲਰਜੀ ਪ੍ਰਤੀਕ੍ਰਿਆਵਾਂ ਦੀ ਰਿਪੋਰਟ ਕਰਦੇ ਹਨ। ਕਈ ਪੈਨਸਲੀਨ ਐਲਰਜੀਆਂ ਕੁੱਝ ਸਾਲਾਂ ਬਾਅਦ ਗਾਇਬ ਹੋ ਜਾਂਦੀਆਂ ਹਨ। ਤੁਸੀਂ ਇਹ ਜਾਣਨ ਲਈ ਇੱਕ ਸਧਾਰਨ ਟੈਸਟ ਕਰਵਾਉਣ ਦੇ ਯੋਗ ਹੋ ਸਕਦੇ ਹੋ ਕਿ ਕੀ ਤੁਹਾਨੂੰ ਅਜੇ ਵੀ ਪੈਨਸਲੀਨ ਐਲਰਜੀ ਹੈ ਜਾਂ ਨਹੀਂ।

## ਪੈਨਸਲੀਨ ਐਲਰਜੀ ਕੀ ਹੁੰਦੀ ਹੈ?

ਪੈਨਸਲੀਨ ਐਲਰਜੀ ਪੈਨਸਲੀਨ ਲਈ ਇੱਕ ਅਣਚਾਹੀ ਪ੍ਰਤੀਕਿਰਿਆ ਹੁੰਦੀ ਹੈ। ਇਹ ਗੰਭੀਰ (ਜਾਨ ਲਈ ਜ਼ੋਖਮ ਵਾਲੀ) ਜਾਂ ਹਲਕੀ ਹੋ ਸਕਦੀ ਹੈ।

ਗੰਭੀਰ ਪੈਨਸਲੀਨ ਐਲਰਜੀ ਦੇ ਲੱਛਣਾਂ ਵਿੱਚ ਸ਼ਾਮਲ ਹਨ:

- ਐਨਾਫਾਈਲੈਕਸਿਸ (ਇੱਕ ਗੰਭੀਰ ਅਤੇ ਜਾਨਲੇਵਾ ਐਲਰਜੀ ਵਾਲੀ ਪ੍ਰਤੀਕਿਰਿਆ ਜੋ ਕਿਸੇ ਦਵਾਈ, ਭੋਜਨ ਜਾਂ ਕੀੜੇ ਦੇ ਕੱਟਣ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੁੰਦੀ ਹੈ ਜਿਸ ਤੋਂ ਤੁਹਾਨੂੰ ਐਲਰਜੀ ਹੈ)। ਐਨਾਫਾਈਲੈਕਸਿਸ ਦੇ ਚਿੰਨ੍ਹਾਂ ਜਾਂ ਲੱਛਣਾਂ ਵਿੱਚ ਸ਼ਾਮਲ ਹਨ:
    - ਬਹੁਤ ਘੱਟ ਬਲੱਡ ਪ੍ਰੈਸ਼ਰ
    - ਧੀਮੀ ਅਤੇ/ਜਾਂ ਤੇਜ਼ ਨਬਜ਼ ਜਾਂ ਦਿਲ ਦੀ ਧੜਕਣ
    - ਪਦਾਰਥ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੋਰ ਲੱਛਣਾਂ ਦੇ ਨਾਲ-ਨਾਲ ਧੱਫੜ ਤੇਜ਼ੀ ਨਾਲ ਵਿਕਸਤ ਹੋਣੇ
    - ਸੁੱਜੇ ਹੋਏ ਬੁੱਲ੍ਹ ਜਾਂ ਜੀਭ

  *ਜੇਕਰ ਤੁਸੀਂ ਐਨਾਫਾਈਲੈਕਸਿਸ ਦੇ ਕਿਸੇ ਵੀ ਚਿੰਨ੍ਹਾਂ ਜਾਂ ਲੱਛਣਾਂ ਦਾ ਅਨੁਭਵ ਕਰਦੇ ਹੋ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਲਈ 000 'ਤੇ ਫ਼ੋਨ ਕਰਨਾ ਚਾਹੀਦਾ ਹੈ।*

- ਬਹੁਤ ਬਿਮਾਰ ਹੋਣ ਦੇ ਨਾਲ-ਨਾਲ ਧੱਫੜ ਵੀ ਹੋਣਾ

## ਘੱਟ ਜ਼ੋਖਮ ਵਾਲੀ ਪੈਨਸਲੀਨ ਐਲਰਜੀ ਕੀ ਹੁੰਦੀ ਹੈ?

ਘੱਟ ਜ਼ੋਖਮ ਵਾਲੀ ਪੈਨਸਲੀਨ ਐਲਰਜੀ ਹਲਕੇ ਲੱਛਣਾਂ ਦਾ ਕਾਰਨ ਬਣਦੀ ਹੈ ਅਤੇ ਇਸਦੇ ਦੁਬਾਰਾ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਹੈ। ਤੁਹਾਨੂੰ ਘੱਟ ਜ਼ੋਖਮ ਵਾਲੀ ਪੈਨਸਲੀਨ ਹੋ ਸਕਦੀ ਹੈ ਜੇਕਰ ਤੁਹਾਨੂੰ:

- ਬਚਪਨ ਵਿੱਚ ਜਾਂ ਬਹੁਤ ਸਮਾਂ ਪਹਿਲਾਂ ਡਾਕਟਰ ਦੁਆਰਾ ਦੱਸੇ ਅਨੁਸਾਰ ਪੈਨਸਲੀਨ ਦਾ ਕੋਰਸ ਪੂਰਾ ਕਰਨ ਦੇ ਦੌਰਾਨ ਜਾਂ ਬਾਅਦ ਵਿੱਚ ਜਲਦੀ ਹੀ ਧੱਫੜ ਹੋਏ ਹਨ
- ਪੈਨਸਲੀਨ ਦੇ ਕੋਰਸ ਦੌਰਾਨ ਜਾਂ ਇਸ ਤੋਂ ਤੁਰੰਤ ਬਾਅਦ ਸਰੀਰ ਦੇ ਥੋੜੇ ਜਿਹੇ ਹਿੱਸਿਆਂ 'ਤੇ ਧੱਫੜ ਹੋ ਜਾਂਦੇ ਹਨ
- 10 ਸਾਲ ਤੋਂ ਵੱਧ ਸਮਾਂ ਪਹਿਲਾਂ ਪੈਨਸਲੀਨ ਪ੍ਰਤੀ ਬਗ਼ੈਰ ਕਿਸੇ ਕਾਰਨ ਪ੍ਰਤੀਕਿਰਿਆ ਹੋਈ ਹੈ

ਪੈਨਸਲੀਨ ਪ੍ਰਤੀ ਇਹਨਾਂ ਪ੍ਰਤੀਕਰਮਾਂ ਵਿੱਚੋਂ 90% (10 ਵਿੱਚੋਂ 9) ਸਮੇਂ ਦੇ ਨਾਲ ਖ਼ਤਮ ਹੋ ਜਾਂਦੇ ਹਨ ਅਤੇ ਹੋ ਸਕਦਾ ਹੈ ਕਿ ਪੈਨਸਲੀਨ ਕਾਰਨ ਨਾ ਹੋਏ ਹੋਣ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਪੈਨਸਲੀਨ ਐਂਟੀਬਾਇਓਟਿਕ ਤੋਂ ਘੱਟ ਜ਼ੋਖਮ ਵਾਲੀ ਐਲਰਜੀ ਹੁੰਦੀ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਇੱਕ ਟੈਸਟ ਕਰਵਾਉਣ ਦੀ ਲੋੜ ਹੋਵੇਗੀ।

## ਇਹ ਕਿਵੇਂ ਜਾਣਨਾ ਹੈ ਕਿ ਕੀ ਤੁਹਾਨੂੰ ਘੱਟ ਜ਼ੋਖਮ ਵਾਲੀ ਪੈਨਸਲੀਨ ਐਲਰਜੀ ਹੈ

ਤੁਹਾਡਾ ਡਾਕਟਰ, ਫਾਰਮਾਸਿਸਟ ਜਾਂ ਨਰਸ ਇਹ ਪਤਾ ਲਗਾਉਣ ਲਈ ਤੁਹਾਡਾ ਮੁਲਾਂਕਣ ਕਰਨਗੇ ਕਿ ਕੀ ਤੁਹਾਨੂੰ ਘੱਟ ਜ਼ੋਖਮ ਵਾਲੀ ਪੈਨਸਲੀਨ ਐਲਰਜੀ ਹੈ ਜਾਂ ਜ਼ਿਆਦਾ ਜ਼ੋਖਮ ਵਾਲੀ। ਤੁਹਾਨੂੰ ਸਵਾਲ ਪੁੱਛੇ ਜਾਣਗੇ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਵੱਧ ਤੋਂ ਵੱਧ ਜਾਣਕਾਰੀ ਦਿਓ। ਜੇ ਤੁਹਾਡਾ ਡਾਕਟਰ ਸੋਚਦਾ ਹੈ ਕਿ ਤੁਹਾਨੂੰ ਘੱਟ ਜ਼ੋਖਮ ਵਾਲੀ ਪੈਨਸਲੀਨ ਐਲਰਜੀ ਹੈ, ਤਾਂ ਉਹ 'ਓਰਲ ਪੈਨਸਲੀਨ ਚੈਲੇਂਜ ਟੈਸਟ' ਕਰਵਾਉਣ ਦੇ ਵਿਕਲਪ 'ਤੇ ਚਰਚਾ ਕਰਨਗੇ। ਇਹ ਟੈਸਟ ਸਧਾਰਨ ਅਤੇ ਬਹੁਤ ਘੱਟ ਜ਼ੋਖਮ ਵਾਲਾ ਹੈ।

## ਓਰਲ ਪੈਨਸਲੀਨ ਚੈਲੇਂਜ ਟੈਸਟ ਕੀ ਹੈ?

ਇਸ ਟੈਸਟ ਲਈ, ਤੁਹਾਨੂੰ ਪੈਨਸਲੀਨ ਦਾ ਇੱਕ ਕੈਪਸੂਲ (ਥੋੜੀ ਮਾਤਰਾ ਵਾਲਾ) ਮੂੰਹ ਰਹੀ ਖਾਣ ਲਈ ਕਿਹਾ ਜਾਵੇਗਾ। ਇਹ ਦੇਖਣ ਲਈ ਕਿ ਕੀ ਤੁਹਾਨੂੰ ਤੁਰੰਤ ਐਲਰਜੀ ਹੁੰਦੀ ਹੈ, ਇੱਕ ਨਰਸ ਤੁਹਾਡੀ ਦੋ ਘੰਟਿਆਂ ਤੱਕ ਨੇੜਿਓਂ ਨਿਗਰਾਨੀ ਕਰੇਗੀ। ਜੇਕਰ ਇਸ ਸਮੇਂ ਦੌਰਾਨ ਕੋਈ ਐਲਰਜੀ ਪ੍ਰਤੀਕਿਰਿਆ ਨਹੀਂ ਹੁੰਦੀ ਹੈ, ਤਾਂ ਇਸਦਾ ਮਤਲਬ ਹੈ ਕਿ ਤੁਹਾਨੂੰ ਪੈਨਸਲੀਨ ਤੋਂ ਤੁਰੰਤ ਐਲਰਜੀ ਨਹੀਂ ਹੁੰਦੀ ਹੈ। ਇਸ ਟੈਸਟ ਤੋਂ ਕੁੱਝ ਦਿਨਾਂ ਬਾਅਦ ਹਲਕੇ ਧੱਫੜ ਦਿਖਾਈ ਦੇ ਸਕਦੇ ਹਨ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਅਸੀਂ ਤੁਹਾਨੂੰ ਫ਼ੋਨ ਨੰਬਰ ਸਮੇਤ ਘਰ ਲਿਜਾਣ ਲਈ ਇੱਕ ਪੱਤਰ ਦੇਵਾਂਗੇ ਤਾਂ ਕਿ ਤੁਸੀਂ ਸਾਨੂੰ ਫ਼ੋਨ ਕਰ ਸਕੋ ਜੇਕਰ ਤੁਹਾਨੂੰ ਕੋਈ ਅਸਾਧਾਰਨ ਚੀਜ਼ ਨਜ਼ਰ ਆਉਂਦੀ ਹੈ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਟੈਸਟ ਨਾਲ ਸੰਬੰਧਿਤ ਹੋ ਸਕਦੀ ਹੈ।

## ਓਰਲ ਪੈਨਸਲੀਨ ਚੈਲੇਂਜ ਟੈਸਟ ਕਰਵਾਉਣ ਦੇ ਲਾਭ

ਇਹ ਟੈਸਟ ਕਰਵਾਉਣ ਨਾਲ, ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਕੀ ਤੁਹਾਨੂੰ ਅਜੇ ਵੀ ਪੈਨਸਲੀਨ ਐਲਰਜੀ ਹੈ ਜਾਂ ਨਹੀਂ।
ਜੇਕਰ ਤੁਹਾਡਾ ਟੈਸਟ ਦਿਖਾਉਂਦਾ ਹੈ ਕਿ ਤੁਹਾਨੂੰ ਹੁਣ ਪੈਨਸਲੀਨ ਤੋਂ ਐਲਰਜੀ ਨਹੀਂ ਹੈ, ਤਾਂ ਤੁਹਾਡੇ ਡਾਕਟਰ ਕੋਲ ਦੇਣ ਲਈ ਹੋਰ ਕਿਸਮ ਦੇ ਐਂਟੀਬਾਇਓਟਿਕ ਹਨ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਲਾਗ ਲਈ ਵਧੇਰੇ ਪ੍ਰਭਾਵੀ ਅਤੇ ਸੁਰੱਖਿਅਤ ਐਂਟੀਬਾਇਓਟਿਕ ਮਿਲ ਸਕਦੇ ਹਨ।

## ਕੀ ਓਰਲ ਪੈਨਸਲੀਨ ਚੈਲੇਂਜ ਟੈਸਟ ਸੁਰੱਖਿਅਤ ਹੈ?

ਹਾਂ, ਇਹ ਟੈਸਟ ਬਹੁਤ ਘੱਟ ਜ਼ੋਖਮ ਵਾਲਾ ਹੈ। ਇਹ ਟੈਸਟ ਦੁਨੀਆ ਭਰ ਦੇ ਹਜ਼ਾਰਾਂ ਲੋਕਾਂ ਦੁਆਰਾ ਕਰਵਾਇਆ ਗਿਆ ਹੈ। ਇਸ ਟੈਸਟ ਤੋਂ ਬਾਅਦ, ਬਹੁਤ ਸਾਰੇ ਲੋਕਾਂ ਨੂੰ ਪਤਾ ਲੱਗਿਆ ਹੈ ਕਿ ਉਹ ਸੁਰੱਖਿਅਤ ਢੰਗ ਨਾਲ ਪੈਨਸਲੀਨ ਲੈਣ ਦੇ ਯੋਗ ਹਨ।

ਇਸ ਟੈਸਟ ਦੇ ਦੌਰਾਨ, ਤੁਹਾਡੀ ਨਰਸ ਜਾਂ ਡਾਕਟਰ ਦੁਆਰਾ ਤੁਹਾਨੂੰ ਨੇੜਿਓਂ ਦੇਖਿਆ ਜਾਵੇਗਾ। ਜੇ ਤੁਸੀਂ ਐਲਰਜੀ ਵਾਲੀ ਪ੍ਰਤੀਕਿਰਿਆ ਦੇ ਕੋਈ ਵੀ ਸੰਕੇਤ ਪੈਦਾ ਹੁੰਦੇ ਹਨ, ਉਦਾਹਰਨ ਲਈ; ਧੱਫੜ, ਸਾਹ ਲੈਣ ਵਿੱਚ ਮੁਸ਼ਕਲ, ਸੋਜ, ਜਾਂ ਤੁਹਾਡੇ ਬਲੱਡ ਪ੍ਰੈਸ਼ਰ ਜਾਂ ਨਬਜ਼ ਵਿੱਚ ਤਬਦੀਲੀ, ਤੁਹਾਡੀ ਨਰਸ ਜਾਂ ਡਾਕਟਰ ਤੁਰੰਤ ਤੁਹਾਡਾ ਇਲਾਜ ਕਰੇਗਾ।

## ਇਹ ਟੈਸਟ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਅਤੇ ਤੁਹਾਡੇ ਡਾਕਟਰ(ਡਾਕਟਰਾਂ) ਨੂੰ ਇਸ ਟੈਸਟ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ।
ਤੁਹਾਨੂੰ ਹਰੇਕ ਨੂੰ ਇੱਕ ਪੱਤਰ ਮਿਲੇਗਾ ਜਿਸ ਵਿੱਚ ਇਹ ਸਮਝਾਇਆ ਜਾਵੇਗਾ:

- ਟੈਸਟ ਦਾ ਨਾਮ ਅਤੇ ਤੁਹਾਡੇ ਨਤੀਜੇ
- ਉਨ੍ਹਾਂ ਐਂਟੀਬਾਇਓਟਿਕਾਂ ਦੇ ਨਾਮ ਜੋ ਤੁਹਾਡੇ ਲੈਣ ਲਈ ਸੁਰੱਖਿਅਤ ਹਨ।

ਸਾਰੇ ਨਤੀਜੇ ਤੁਹਾਡੇ ਮੈਡੀਕਲ ਇਤਿਹਾਸ ਵਿੱਚ ਰੱਖੇ ਜਾਣਗੇ।

**ਯਕੀਨੀ ਬਣਾਓ ਕਿ ਤੁਹਾਡੇ ਸਾਰੇ ਸਿਹਤ ਸੰਭਾਲ ਪ੍ਰਦਾਤਾ ਤੁਹਾਡੀਆਂ ਐਂਟੀਬਾਇਓਟਿਕ ਐਲਰਜੀਆਂ ਤੋਂ ਜਾਣੂ ਹਨ।**
**ਤੁਸੀਂ ਆਪਣੀ ਐਲਰਜੀ ਦੀ ਜਾਣਕਾਰੀ ਨੂੰ ਆਪਣੇ My Health Record (ਮਾਈ ਹੈਲਥ ਰਿਕਾਰਡ) ਵਿੱਚ ਦਰਜ ਕਰ ਸਕਦੇ ਹੋ।**
**ਹਰ ਸਮੇਂ ਆਪਣੇ ਨਾਲ ਐਲਰਜੀ ਅਲਰਟ ਕਾਰਡ ਰੱਖਣਾ ਮਹੱਤਵਪੂਰਨ ਹੈ।**

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ:

ਈਮੇਲ: https://antibioticallergy.org.au/

ਐਮਰਜੈਂਸੀ ਦੀ ਸਥਿਤੀ ਵਿੱਚ, ਕਿਰਪਾ ਕਰਕੇ ਐਂਬੂਲੈਂਸ ਲਈ 000 ਡਾਇਲ ਕਰੋ ਜਾਂ ਆਪਣੇ ਨੇੜਲੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ।

ਜਾਣਕਾਰੀ ਲਿਖੇ ਜਾਣ ਦੀ ਮਿਤੀ: ਮਾਰਚ 2023